# ਜੋ ਵੂਮੀ ਦੀ ਭੈਣ ਨੇ ਕਿਹਾ



Nina Orange
Wiehan de Jager
Anu Gill
Punjabi
Level 4

## Storybooks Canada

storybookscanada.ca

## ਜੋ ਵੂਮੀ ਦੀ ਭੈਣ ਨੇ ਕਿਹਾ

Written by: Nina Orange
Illustrated by: Wiehan de Jager
Translated by: Anu Gill

This story originates from the African Storybook (africanstorybook.org) and is brought to you by Storybooks Canada in an effort to provide children's stories in Canada's many languages.

This work is licensed under a Creative Commons Attribution 3.0 International License.
https://creativecommons.org/licenses/by/3.0



ਇੱਕ ਦਿਨ ਸਵੇਰੇ ਦਾਦੀ ਨੇ ਵੁਸੀ ਨੂੰ ਆਵਾਜ਼ ਦਿੱਤੀ, “ਵੁਸੀ, ਕਿਰਪਾ ਕਰਕੇ ਆਪਣੇ ਮਾਤਾ-ਪਿਤਾ ਨੂੰ ਇਹ ਅੰਡਾ ਦੇ ਆ। ਉਹ ਤੇਰੀ ਭੈਣ ਦੇ ਵਿਆਹ ਲਈ ਇੱਕ ਵੱਡਾ ਕੇਕ ਬਣਾਉਣਾ ਚਾਹੁੰਦੇ ਹਨ।”



ਵੁਸੀ ਦੀ ਭੈਣ ਨੇ ਥੋੜੀ ਦੇਰ ਲਈ ਸੋਚਿਆ, ਫਿਰ ਉਸ ਨੇ ਕਿਹਾ, "ਵੁਸੀ ਮੇਰੇ ਭਰਾ, ਮੈਂ ਸੱਚਮੁੱਚ ਤੋਹਫ਼ੇ ਬਾਰੇ ਪਰਵਾਹ ਨਹੀਂ ਕਰਦੀ। ਮੈਂ ਕੇਕ ਬਾਰੇ ਵੀ ਪਰਵਾਹ ਨਹੀਂ ਕਰਦੀ! ਆਪਾਂ ਸਭ ਇੱਥੇ ਇਕੱਠੇ ਹਾਂ, ਮੈਂ ਖੁਸ਼ ਹਾਂ। ਹੁਣ ਆਪਣੇ ਵਧੀਆ ਕੱਪੜੇ ਪਾ ਕੇ ਆ ਅਤੇ ਆਪਾਂ ਇਸ ਦਿਨ ਨੂੰ ਮਨਾਈਏ!" ਅਤੇ ਵੁਸੀ ਨੇ ਇਸ ਤਰ੍ਹਾਂ ਹੀ ਕੀਤਾ।





ਉਸ ਦੇ ਮਾਤਾ-ਪਿਤਾ ਦੇ ਘਰ ਜਾਂਦੇ ਹੋਏ, ਵੁਸੀ ਨੂੰ ਦੋ ਮੁੰਡੇ ਫ਼ਲ ਤੋੜਦੇ ਮਿਲੇ। ਇੱਕ ਮੁੰਡੇ ਨੇ ਵੁਸੀ ਤੋਂ ਅੰਡਾ ਖੋਇਆ ਅਤੇ ਰੁੱਖ ਤੇ ਸੁੱਟਿਆ। ਅੰਡਾ ਟੁੱਟ ਗਿਆ।



“ਇਹ ਤੂੰ ਕੀ ਕੀਤਾ?” ਵੁਸੀ ਰੋਇਆ। “ਉਹ ਅੰਡਾ ਕੇਕ ਲਈ ਸੀ। ਕੇਕ ਮੇਰੀ ਭੈਣ ਦੇ ਵਿਆਹ ਲਈ ਸੀ। ਮੇਰੀ ਭੈਣ ਕੀ ਕਹੇਗੀ ਜੇ ਵਿਆਹ ਵਿੱਚ ਕੋਈ ਕੇਕ ਨਾ ਹੋਇਆ?”





“ਮੈਂ ਕੀ ਕਰਾਂ?” ਵੁਸੀ ਰੋਇਆ। “ਗਾਂ ਜੋ ਭੱਜ ਗਈ ਤੋਹਫ਼ਾ ਸੀ, ਬਿਲਡਰਾਂ ਦੀ ਦਿੱਤੀ ਘਾਹ-ਫੂਸ ਦੇ ਬਦਲੇ। ਬਿਲਡਰਾਂ ਨੇ ਮੈਨੂੰ ਘਾਹ-ਫੂਸ ਦਿੱਤੀ ਸੀ ਕਿਉਂਕਿ ਉਹਨਾਂ ਨੇ ਫ਼ਲ ਤੋੜਨ ਵਾਲਿਆਂ ਦੀ ਸੋਟੀ ਤੋੜ ਦਿੱਤੀ ਸੀ। ਫ਼ਲ ਤੋੜਨ ਵਾਲਿਆਂ ਨੇ ਮੈਨੂੰ ਸੋਟੀ ਦਿੱਤੀ ਸੀ ਕਿਉਂਕਿ ਉਹਨਾਂ ਨੇ ਕੇਕ ਲਈ ਅੰਡਾ ਤੋੜ ਦਿੱਤਾ ਸੀ। ਕੇਕ ਮੇਰੀ ਭੈਣ ਦੇ ਵਿਆਹ ਲਈ ਸੀ। ਹੁਣ ਕੋਈ ਅੰਡਾ, ਕੋਈ ਕੇਕ, ਅਤੇ ਕੋਈ ਤੋਹਫ਼ਾ ਨਹੀਂ ਹੈ।”



ਪਰ ਗਾਂ ਰਾਤ ਦੇ ਖਾਂਣੇ ਸਮੇਂ ਵਾਪਸ ਕਿਸਾਨ ਕੋਲ ਭੱਜ ਗਈ। ਅਤੇ ਵੁਸੀ ਆਪਣੀ ਯਾਤਰਾ ਤੇ ਗੁੰਮ ਹੋ ਗਿਆ। ਉਹ ਆਪਣੀ ਭੈਣ ਦੇ ਵਿਆਹ ਵਿੱਚ ਬਹੁਤ ਦੇਰੀ ਨਾਲ ਪਹੁੰਚਿਆ। ਮਹਿਮਾਨ ਖਾਣਾਂ ਖਾ ਰਹੇ ਸਨ।





ਮੁੰਡਿਆਂ ਨੇ ਵੁਸੀ ਨੂੰ ਛੇੜਨ ਦਾ ਅਫ਼ਸੋਸ ਮੰਨਿਆ। “ਅਸੀਂ ਕੇਕ ਨਾਲ ਮਦਦ ਨਹੀਂ ਕਰ ਸਕਦੇ ਪਰ ਇਹ ਤੇਰੀ ਭੈਣ ਲਈ ਸੋਟੀ ਹੈ,” ਇੱਕ ਨੇ ਕਿਹਾ। ਵੁਸੀ ਆਪਣੀ ਯਾਤਰਾ ਤੇ ਜਾਰੀ ਰਿਹਾ।



ਰਸਤੇ ਵਿੱਚ ਉਸ ਨੂੰ ਦੋ ਆਦਮੀ ਘਰ ਬਣਾਉਦੇ ਮਿਲੇ। “ਕੀ ਅਸੀਂ ਉਹ ਮਜ਼ਬੂਤ ਸੋਟੀ ਵਰਤ ਸਕਦੇ ਹਾਂ?” ਇੱਕ ਨੇ ਪੁੱਛਿਆ। ਪਰ ਸੋਟੀ ਇਮਾਰਤ ਲਈ ਮਜ਼ਬੂਤ ਨਹੀਂ ਸੀ, ਅਤੇ ਉਹ ਟੁੱਟ ਗਈ।





ਗਾਂ ਨੇ ਲਾਲਚੀ ਹੋਣ ਦਾ ਅਫ਼ਸੋਸ ਮੰਨਿਆ। ਕਿਸਾਨ ਸਹਿਮਤ ਸੀ ਕਿ ਗਾਂ ਉਸ ਦੀ ਭੈਣ ਲਈ ਤੋਹਫ਼ੇ ਦੇ ਰੂਪ ਵਿੱਚ ਵੁਸੀ ਨਾਲ ਜਾ ਸਕਦੀ ਹੈ। ਅਤੇ ਇਸ ਤਰ੍ਹਾਂ ਵੁਸੀ ਜਾਰੀ ਰਿਹਾ।



"ਇਹ ਤੂੰ ਕੀ ਕੀਤਾ?" ਵੁਸੀ ਰੋਇਆ। "ਉਹ ਘਾਹ-ਫੂਸ ਮੇਰੀ ਭੈਣ ਲਈ ਤੋਹਫ਼ਾ ਸੀ। ਬਿਲਡਰਾਂ ਨੇ ਮੈਨੂੰ ਘਾਹ-ਫੂਸ ਦਿੱਤੀ ਸੀ ਕਿਉਂਕਿ ਉਹਨਾਂ ਨੇ ਫ਼ਲ ਤੋੜਨ ਵਾਲਿਆਂ ਦੀ ਸੋਟੀ ਤੋੜ ਦਿੱਤੀ ਸੀ। ਫ਼ਲ ਤੋੜਨ ਵਾਲਿਆਂ ਨੇ ਮੈਨੂੰ ਸੋਟੀ ਦਿੱਤੀ ਸੀ ਕਿਉਂਕਿ ਉਹਨਾਂ ਨੇ ਕੇਕ ਲਈ ਅੰਡਾ ਤੋੜ ਦਿੱਤਾ ਸੀ। ਕੇਕ ਮੇਰੀ ਭੈਣ ਦੇ ਵਿਆਹ ਲਈ ਸੀ। ਹੁਣ ਕੋਈ ਅੰਡਾ, ਕੋਈ ਕੇਕ, ਅਤੇ ਕੋਈ ਤੋਹਫ਼ਾ ਨਹੀਂ ਹੈ। ਮੇਰੀ ਭੈਣ ਕੀ ਕਹੇਗੀ?"





"ਇਹ ਤੂੰ ਕੀ ਕੀਤਾ?" ਵੁਸੀ ਰੋਇਆ। "ਉਹ ਸੋਟੀ ਮੇਰੀ ਭੈਣ ਲਈ ਤੋਹਫ਼ਾ ਸੀ। ਫ਼ਲ ਤੋੜਨ ਵਾਲਿਆਂ ਨੇ ਮੈਨੂੰ ਸੋਟੀ ਦਿੱਤੀ ਸੀ ਕਿਉਂਕਿ ਉਹਨਾਂ ਨੇ ਕੇਕ ਲਈ ਅੰਡਾ ਤੋੜ ਦਿੱਤਾ ਸੀ। ਕੇਕ ਮੇਰੀ ਭੈਣ ਦੇ ਵਿਆਹ ਲਈ ਸੀ। ਹੁਣ ਕੋਈ ਅੰਡਾ, ਕੋਈ ਕੇਕ, ਅਤੇ ਕੋਈ ਤੋਹਫ਼ਾ ਨਹੀਂ ਹੈ। ਮੇਰੀ ਭੈਣ ਕੀ ਕਹੇਗੀ?"



ਬਿਲਡਰਾਂ ਨੇ ਸੋਟੀ ਤੋੜਨ ਦਾ ਅਫ਼ਸੋਸ ਮੰਨਿਆ। "ਅਸੀਂ ਕੇਕ ਨਾਲ ਮਦਦ ਨਹੀਂ ਕਰ ਸਕਦੇ ਪਰ ਇਹ ਤੇਰੀ ਭੈਣ ਲਈ ਕੁਝ ਘਾਹ-ਫੂਸ ਹੈ," ਇੱਕ ਨੇ ਕਿਹਾ। ਅਤੇ ਇਸ ਤਰ੍ਹਾਂ ਵੁਸੀ ਆਪਣੀ ਯਾਤਰਾ ਤੇ ਜਾਰੀ ਰਿਹਾ।





ਰਸਤੇ ਵਿੱਚ, ਵੁਸੀ ਨੂੰ ਇੱਕ ਕਿਸਾਨ ਅਤੇ ਗਾਂ ਮਿਲੇ। "ਕੀ ਸੁਆਦੀ ਘਾਹ-ਫੂਸ ਹੈ, ਕੀ ਮੈਂ ਇੱਕ ਟੁਕੜਾ ਲੈ ਸਕਦਾ ਹਾਂ?" ਗਾਂ ਨੇ ਪੁੱਛਿਆ। ਪਰ ਘਾਹ-ਫੂਸ ਇੰਨ੍ਹੀ ਸਵਾਦ ਸੀ ਕਿ ਗਾਂ ਸਾਰੀ ਖਾ ਗਈ!